# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)

ਮੀਮੋ ਨੰ: ਐਸਐਸਏ/ਐਮਸੀ/2009/48902-48941
ਮਿਤੀ,ਚੰਡੀਗੜ੍ਹ 29 ਜੂਨ, 2009

**ਵਿਸ਼ਾ:- ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੰਜਵੀਂ ਅਤੇ ਦੱਸਵੀਂ ਕਲਾਸਾਂ ਦੇ ਵਿਦਿਆਰਥੀਆਂ ਦਾ ਟੈਸਟ ਲੈਣ ਬਾਰੇ।**

1.0 ਆਪ ਜੀ ਦਾ ਧਿਆਨ ਇਸ ਦਫ਼ਤਰ ਦੇ ਪੱਤਰ ਨੰ: ਐਸਐਸਏ/ਐਮਸੀ/2009/38025-38084 ਮਿਤੀ 22 .04 .09 ਅਤੇ ਐਸਐਸਏ/ਐਮਸੀ/2009/38388-38427 ਮਿਤੀ 23.04.09.ਵੱਲ ਦਿਵਾਇਆ ਜਾਂਦਾ ਹੈ।

2.0 ਆਪ ਜੀ ਨੂੰ ਪਤਾ ਹੈ ਕਿ ਸਿੱਖਿਆ ਦੇ ਮਿਆਰ ਨੂੰ ਉੱਚਾ ਕਰਨ ਲਈ ਇਹ ਫੈਸਲਾ ਲਿਆ ਗਿਆ ਹੈ ਕਿ ਪੰਜਵੀਂ ਤੋਂ ਦਸਵੀਂ ਤੀਕ ਦੇ ਵਿਦਿਆਰਥੀਆਂ ਦਾ ਅੰਗਰੇਜ਼ੀ,ਸੋਸਲ ਸਟੱਡੀਜ਼, ਹਿਸਾਬ ਅਤੇ ਸਾਇੰਸ ਦੇ ਟੈਸਟ ਹਰ ਮਹੀਨੇ ਲਏ ਜਾਣ ਜਦ ਕਿ ਪੰਜਵੀਂ ਕਲਾਸ ਦੇ ਹਰ ਵਿਸ਼ੇ ਲਈ ਮੈਥ, ਪੰਜਾਬੀ, ਅੰਗਰੇਜ਼ੀ ਅਤੇ ਐਨਵਾਇਰਨਮੈਂਟਲ ਸਾਇੰਸ ਦੀਆਂ ਪ੍ਰੀਖਿਆਵਾਂ ਹਰ ਮਹੀਨੇ ਲਈਆਂ ਜਾਇਆ ਕਰਨ। ਅਪ੍ਰੈਲ ਮਹੀਨੇ ਦੇ ਪੜ੍ਹਾਏ ਗਏ ਸਿਲੇਬਸ ਵਿਚੋਂ ਮਈ ਮਹੀਨੇ ਦੌਰਾਨ ਸਕੂਲਾਂ ਵੱਲੋਂ ਇਹ ਪ੍ਰੀਖਿਆਵਾਂ ਲਈਆਂ ਗਈਆਂ ਹਨ ਜਦੋਂ ਕਿ ਪੰਜਵੀਂ ਜਮਾਤ ਦਾ ਪੰਜਾਬੀ ਦਾ ਪੇਪਰ ਲੈਣ ਦਾ ਫੈਸਲਾ ਬਾਅਦ ਵਿਚ ਹੋਇਆ।ਪ੍ਰੰਤੂ ਸਮੇਂ ਸਮੇਂ ਸਿਰ ਹੋਈਆਂ ਮੀਟਿੰਗਾਂ ਦੌਰਾਨ ਇਸ ਦਫ਼ਤਰ ਨੂੰ ਕੁੱਝ ਇੱਕ ਸੁਝਾਅ ਪ੍ਰਾਪਤ ਹੋਏ ਹਨ। ਇਨ੍ਹਾਂ ਸੁਝਾਵਾਂ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨਾਲ ਮਿਤੀ 11.06 .09 ਨੂੰ ਹੋਈ ਮਹੀਨਾਵਾਰ ਮੀਟਿੰਗ ਵਿਚ ਚੰਗੀ ਤਰ੍ਹਾਂ ਵਿਚਾਰਿਆ ਗਿਆ ਹੈ ਅਤੇ ਵਿਚਾਰਣ ਉਪਰੰਤ ਹੇਠਾਂ ਲਿਖੇ ਫੈਸਲੇ ਲਏ ਗਏ ਹਨ:-

(1) ਸਾਰੀਆਂ ਕਲਾਸਾਂ ਦੇ ਲਏ ਜਾਣ ਵਾਲੇ ਟੈਸਟਾਂ ਦੀ ਤਾਰੀਖ ਬਾਰੇ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ। ਮਿਸਾਲ ਦੇ ਤੌਰ ਤੇ ਹਰ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਹਿਸਾਬ ਦਾ ਟੈਸਟ ਹੋਵੇਗਾ। ਬਾਕੀ ਵਿਸ਼ਿਆਂ ਦਾ ਸ਼ਡਿਊਲ ਪਹਿਲਾਂ ਵਾਲਾ ਹੀ ਰਹੇਗਾ।ਪੰਜਵੀਂ ਜਮਾਤ ਲਈ ਪੰਜਾਬੀ ਵਿਸ਼ੇ ਦਾ ਟੈਸਟ ਹਰ ਮਹੀਨੇ ਦੇ ਚੌਥੇ ਸੋਮਵਾਰ ਹੋਵੇਗਾ।

(2) ਮਹੀਨਾਵਾਰ ਟੈਸਟਾਂ ਦਾ ਰਿਕਾਰਡ ਸਕੂਲਾਂ ਵਿੱਚ ਰਜਿਸਟਰ ਤੇ ਹੀ ਰੱਖਿਆ ਜਾਵੇਗਾ ਅਤੇ ਕਿਸੀ ਵੀ ਸੂਰਤ ਵਿੱਚ ਇਸ ਦੇ ਬਾਰੇ ਇਸ ਦੀ ਲਿਖਤੀ ਰਿਪੋਰਟ

ਅੱਗੇ ਭੇਜਣ ਦੀ ਕੋਈ ਲੋੜ ਨਹੀਂ ਹੈ । ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬਿਨ੍ਹਾਂ ਵਜ੍ਹਾਂ ਸਕੂਲਾਂ ਤੋ ਇਸ ਸਬੰਧ ਵਿੱਚ ਡਾਕ ਨਾ ਇੱਕਠੀ ਕਰਨ ।

(3) ਹਰ ਇੱਕ ਸਬੰਧਤ ਅਧਿਆਪਕ ਇਨ੍ਹਾਂ ਮਹੀਨਾਵਾਰ ਟੈਸਟਾਂ ਦਾ ਸਮੂਚਾਂ ਰਿਕਾਰਡ ਪੂਰੇ ਸਾਲ ਲਈ ਸੁਰੱਖੀਅਤ ਰੱਖੇਗਾ ਅਤੇ ਬੱਚਿਆਂ ਵਲੋਂ ਪ੍ਰਾਪਤ ਕੀਤੇ ਗਏ ਨੰਬਰਾਂ ਦਾ ਪੌਰਾ ਵੇਰਵਾ ਮੁੱਖ ਦਫਤਰ ਵਲੋਂ ਦਿੱਤੇ ਗਏ ਰਜਿਸਟਰ ਵਿੱਚ ਹੀ ਦਰਜ਼ ਕਰੇ। ਇਸ ਸਬੰਧ ਵਿੱਚ ਮੁੱਖ ਦਫਤਰ ਵਲੋਂ ਸਾਫਟਵੇਅਰ ਵੀ ਤਿਆਰ ਕੀਤਾ ਜਾ ਰਿਹਾਂ ਹੈ । ਇਹ ਸਾਫਟਵੇਅਰ 10 ਜੁਲਾਈ, 2009 ਤੀਕ ਤਿਆਰ ਹੋ ਜਾਵੇਗਾ । ਇਸ ਉਪਰੰਤ ਇਸ ਸਾਫਟਵੇਅਰ ਨੂੰ ਸਾਰੇ ਸਕੂਲਾਂ ਵਿੱਚ ਕੰਪਿਊਟਰ ਲੈਬਜ਼ ਵਿੱਚ ਲੋਡ ਕਰ ਦਿੱਤਾ ਜਾਵੇਗਾ । ਇਸ ਸਾਰੇ ਡੈਟੇ ਦੀ ਐਂਟਰੀ ਸਬੰਧਤ ਕੰਪਿਊਟਰ ਟੀਚਰ ਦੀ ਸਹਾਇਤਾਂ ਨਾਲ ਦਰਜ਼ ਕੀਤੀ ਜਾਵੇ ਤਾਂ ਜੋ ਮੁੱਖ ਦਫਤਰ ਵਲੋਂ ਲੋੜੀਂਦੀ ਰਿਪੋਰਟਾਂ ਆਪਣੇ ਆਪ ਹੀ ਜਨਰੇਟ ਕਰ ਲਈਆਂ ਜਾਣ ।

ਇਹ ਟੈਸਟ ਸਿਰਫ 40 ਮਿੰਟ ਦਾ ਹੋਵੇਗਾ ਅਤੇ ਬਾਕੀ ਦੇ ਪੀਰੀਅਡਾ ਵਿੱਚ ਪੰਜ ਪੰਜ ਮਿੰਟਾਂ ਦੀ ਕਟੌਤੀ ਕਰਨ ਉਪਰੰਤ ਐਡਜਸਟਮੈਂਟ ਕੀਤੀ ਜਾਵੇ ।

(4) ਇਨ੍ਹਾਂ ਮਹੀਨਾਂਵਾਰ ਟੈਸਟਾਂ ਵਿੱਚ ਪੂਰੀ ਤਰ੍ਹਾਂ ਨਕਲ ਨੂੰ ਰੋਕਣ ਦੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਸਬਜੈਕਟ ਟੀਚਰ ਦੀ ਹੀ ਹੋਵੇਗੀ । ਜੇਕਰ ਇਹ ਪਾਇਆ ਜਾਂਦਾ ਹੈ ਕਿ ਸਬਜੈਕਟ ਟੀਚਰ ਵਲੋ ਇਸ ਸਬੰਧ ਵਿੱਚ ਕੋਈ ਵਿਸ਼ੇਸ਼ ਤਰ੍ਹਾਂ ਵਿਦਿਆਰਥੀਆਂ ਦੀ ਮਦਦ ਕੀਤੀ ਜਾ ਰਹੀਂ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ ।

(5) ਮਹੀਨਾਂਵਾਰ ਟੈਸਟ ਅਤੇ ਤਿਮਾਹੀ ਟੈਸਟਾਂ ਨੂੰ ਸਾਲਾਨਾ ਪ੍ਰੀਖਿਆ ਵਿੱਚ 20 ਪ੍ਰਤਿਸ਼ਤ ਦੀ ਵੇਟੇਜ਼ ਦਿੱਤੀ ਜਾਵੇਗੀ ਪਰੰਤੂ ਇਹ ਵੇਟੇਜ਼ ਪੰਜਵੀਂ, ਛੇਵੀਂ, ਸੱਤਵੀਂ ਅਤੇ ਨੌਵੀਂ ਕਲਾਸ ਲਈ ਹੀ ਲਾਗੂ ਹੋਵੇਗੀ । ਬੋਰਡ ਦੀ ਪ੍ਰੀਖਿਆ ਵਿੱਚ ਇਸ ਨੂੰ ਕੋਈ ਵੇਟੇਜ਼ ਦੇਣ ਦੀ ਪ੍ਰੋਵੀਜ਼ਨ ਨਹੀਂ ਹੈ ।

(6) ਪੂਰੀ ਮਹੀਨੇ ਦੇ ਲੋੜੀਂਦੇ ਪ੍ਰਸ਼ਨ ਪੱਤਰ ਮੁੱਖ ਦਫਤਰ ਵਲੋਂ ਸਬੰਧਤ ਜ਼ਿਲ੍ਹਿਆਂ ਆਉਣ ਵਾਲੇ ਮਹੀਨੇ ਦੀ 25 ਤਾਰੀਖ ਤੀਕ ਪਹੁੰਚਾ ਦਿੱਤੇ ਜਾਣਗੇ । ਇਸ ਉਪਰੰਤ ਇਹਨਾਂ ਪ੍ਰਸ਼ਨ ਪੱਤਰਾਂ ਨੂੰ ਬੀ.ਆਰ.ਪੀ. ਵਲੋ ਸਬੰਧਤ ਸਕੂਲਾਂ ਨੂੰ ਹਰ ਵੀਰਵਾਰ ਨੂੰ ਨੂੰ ਪਹੁੰਚਾਈਆ ਜਾਣੀਆ ਯਕੀਨੀ ਬਣਾਇਆ ਜਾਵੇਗਾ ਤਾਂ ਜੋ ਸਕੂਲ ਮੁੱਖੀਆਂ ਨੂੰ ਕੋਈ ਦਿੱਕਤ ਨਾ ਆਵੇ । ਇਨ੍ਹਾਂ ਪੇਪਰਾਂ ਨੂੰ ਹਿਫਾਜਤ ਨਾਲ ਕਸਟੱਡੀ ਵਿੱਚ ਰੱਖਣ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ । ਜੇਕਰ ਇਹ ਪਾਇਆ ਗਿਆ ਕਿ ਕੋਈ ਪੇਪਰ ਲੀਕ ਹੋਇਆ ਹੈ ਤਾਂ ਉਸ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ।ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ, ਜ਼ਿਲ੍ਹਾ ਸਾਇੰਸ

ਸੁਪਰਵਾਈਜਰਾਂ ਅਤੇ ਦੂਜੀਆ ਇੰਨਸਪੈਕਸ਼ਨ ਟੀਮਾਂ ਵਲੋ ਸਮੇ ਸਮੇ ਸਿਰ ਇੰਨਸਪੈਕਸ਼ਨਾਂ ਜਾਰੀ ਰੱਖਣਗੇ ।

3.0 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: ਐਸਐਸਏ/ਐਮਸੀ/2009/48942-48947 ਮਿਤੀ 29/06/09

ਉਤਾਰਾ :-

1. ਮੰਡਲ ਸਿੱਖਿਆ ਅਫਸਰ ਨਾਭਾ/ਜਲੰਧਰ/ਫਰੀਦਕੋਟ
2. ਪੀ.ਏ. /ਡੀ.ਜੀ.ਐਸ.ਈ.
3. ਡੀ.ਪੀ.ਆਈ. (ਸੈ ਸਿ)
4. ਡੀ.ਪੀ.ਆਈ. (ਐ ਸਿ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ